ਜਮਾਤ -ਅੱਠਵੀਂ ਪਾਠ-6 ਦਲੇਰੀ

ਸਾਹਿਤ ਰੂਪ-ਕਹਾਣੀ ਲੇਖਕ- ਦਰਸ਼ਨ ਸਿੰਘ ਆਸ਼ਟ



**ਪ੍ਰਸ਼ਨ (ੳ) ਬਲਜੀਤ ਤੇ ਏਕਮ ਨੂੰ ਕਿਹੜੀ-ਕਿਹੜੀ ਖੇਡ ਦਾ ਸ਼ੌਕ ਸੀ?**

ਉੱਤਰ-ਬਲਜੀਤ ਨੂੰ ਤੈਰਾਕੀ ਦਾ ਤੇ ਏਕਮ ਨੂੰ ਫੁਟਬਾਲ ਖੇਡਣ ਦਾ ਸ਼ੌਕ ਸੀ।




**ਪਸ਼ਨ(ਅ)ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿੱਚ ਕਿੱਥੇ ਗਏ ਤੇ ਉੱਥੇ ਉਹਨਾਂ ਨੇ ਕੀ ਦੇਖਿਆ?**

ਉੱਤਰ-ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿੱਚ ਛੱਤਬੀੜ ਚਿੜੀਆ-ਘਰ ਗਏ। ਉੱਥੇ ਉਹਨਾਂ ਨੇ ਤਰ੍ਹਾਂ-ਤਰ੍ਹਾਂ ਦੇ ਪੰਛੀ ਤੇ ਜਾਨਵਰ ਦੇਖੇ।




**ਪ੍ਰਸ਼ਨ (ੲ) ਵਿਦਿਆਰਥੀਆਂ ਨੇ ਚੰਡੀਗੜ੍ਹ 'ਚ ਕਿਹੜੀਆਂ-ਕਿਹੜੀਆਂ ਥਾਂਵਾਂ ਵੇਖੀਆਂ?**

ਉੱਤਰ-ਵਿਦਿਆਰਥੀਆਂ ਨੇ ਚੰਡੀਗੜ੍ਹ 'ਚ ਰਾਕ-ਗਾਰਡਨ,ਰੋਜ਼-ਗਾਰਡਨ, ਪੰਜਾਬ ਯੂਨੀਵਰਸਿਟੀ, ਅਜਾਇਬ ਘਰ ਅਤੇ ਕਈ ਹੋਰ ਥਾਂਵਾਂ ਵੇਖੀਆਂ।





**ਪ੍ਰਸ਼ਨ (ਸ) ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਕਿਸ ਨੇ ਬਣਾਇਆ ਸੀ ?**

ਉੱਤਰ-ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਪ੍ਰਸਿੱਧ ਫ਼੍ਰਾਂਸੀਸੀ ਆਰਕੀਟੈਕਟ ਲੀ-ਕਾਰਬੂਜ਼ੀਅਰ ਨੇ ਬਣਾਇਆ ਸੀ।

**ਪ੍ਰਸ਼ਨ (ਹ) ਬਲਜੀਤ ਨੇ ਝੀਲ ਵਿੱਚ ਡੁੱਬਦੇ ਬੱਚੇ ਨੂੰ ਕਿਵੇਂ ਬਚਾਇਆ ?**

ਉੱਤਰ-ਬਲਜੀਤ ਨੇ ਉਸੇ ਜਗ੍ਹਾ ਡੁਬਕੀ ਲਾਈ ਜਿੱਥੇ ਬੱਚਾ ਡਿਗਿਆ ਸੀ। ਉਹ ਬੱਚੇ ਨੂੰ ਕਮੀਜ਼ ਤੋਂ ਫੜ ਕੇ ਪਾਣੀ ਦੇ ਉੱਪਰ ਲੈ ਆਈ। ਏਨੇ ਨੂੰ ਬਚਾਅ ਲਈ ਇੱਕ ਕਿਸ਼ਤੀ ਵੀ ਨੇੜੇ ਆ ਗਈ।




**ਪ੍ਰਸ਼ਨ(ਕ)ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਿਵੇਂ ਕਰਨਾ ਚਾਹਿਆ?**

ਉੱਤਰ- ਬੱਚੇ ਦੀ ਮੰਮੀ ਨੇ ਪੰਜ ਸੌ ਰੁਪਏ ਦਾ ਨੋਟ ਦੇ ਕੇ ਬਲਜੀਤ ਦਾ ਧੰਨਵਾਦ ਕਰਨਾ ਚਾਹਿਆ,ਜਿਸ ਨੂੰ ਉਸ ਨੇ ਨਿਮਰਤਾ ਨਾਲ ਮਨ੍ਹਾਂ ਕਰ ਦਿੱਤਾ।

**ਪ੍ਰਸ਼ਨ (ਖ) ਆਖ਼ਰ ਵਿੱਚ ਏਕਮ ਨੇ ਬਲਜੀਤ ਨੂੰ ਕੀ ਕਿਹਾ ?**

ਉੱਤਰ-ਆਖ਼ਰ ਵਿੱਚ ਏਕਮ ਨੇ ਬਲਜੀਤ ਨੂੰ ਕਿਹਾ ਕਿ ਜੋ ਕੰਮ ਅਸੀਂ ਮੁੰਡੇ ਨਹੀਂ ਕਰ ਸਕੇ ਉਹ ਕੰਮ ਭੈਣ ਤੂੰ ਕਰ ਵਿਖਾਇਆ ਹੈ।

ਪ੍ਰਸ਼ਨ 2. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।

ਪ੍ਰਸ਼ਨ 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

1. ਸਿਆਣੀ- ਕੁਲਜੀਤ ਇੱਕ ਸਿਆਣੀ ਕੁੜੀ ਹੈ।

2. ਚਿੜੀਆ-ਘਰ- ਅਸੀਂ ਛੁੱਟੀਆਂ ਵਿੱਚ ਚਿੜੀਆ-ਘਰ ਵੇਖਣ ਗਏ।

3. ਅਜਾਇਬ-ਘਰ- ਬੱਚਿਆਂ ਨੇ ਚੰਡੀਗੜ੍ਹ ਵਿਖੇ ਅਜਾਇਬ-ਘਰ ਵੇਖਿਆ।

4. ਘੁੰਮਣ-ਫਿਰਨ - ਮੈਨੂੰ ਘੁੰਮਣ-ਫਿਰਨ ਦਾ ਬਹੁਤ ਸ਼ੌਕ ਹੈ।

5. ਸੈਲਾਨੀ- ਕਸ਼ਮੀਰ ਵਿਖੇ ਦੇਸ਼-ਵਿਦੇਸ਼ ਤੋਂ ਸੈਲਾਨੀ ਆਉਂਦੇ ਹਨ।

6. ਜਿਗਰ ਦਾ ਟੁਕੜਾ- ਬੱਚਾ ਮਾਪਿਆਂ ਦੇ ਜਿਗਰ ਦਾ ਟੁਕੜਾ ਹੁੰਦਾ ਹੈ।

7. ਦਲੇਰ- ਭਾਰਤੀ ਫ਼ੌਜ ਦੇ ਜਵਾਨ ਬਹੁਤ ਦਲੇਰ ਹਨ।

8. ਕੇਂਦਰ-ਬਿੰਦੂ- ਬਲਜੀਤ ਭੀੜ ਦਾ ਕੇਂਦਰ ਬਿੰਦੂ ਬਣੀ ਹੋਈ ਸੀ।।


ਤਿਆਰ ਕਰਤਾ:-

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700


9. ਅਣਹੋਣੀ- ਇੱਕ ਅਣਹੋਣੀ ਦੁਰਘਟਨਾ ਵਿੱਚ ਰਮਨ ਦੇ ਪਿਤਾ ਜੀ ਦੀ ਮੌਤ ਹੋ ਗਈ।

ਪ੍ਰਸ਼ਨ 4. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:

| | |
|---|---|
| ਭਰਾ | ਭਰਾਵਾਂ |
| ਬੱਸ | ਬੱਸਾਂ |
| ਚਿੜੀ | ਚਿੜੀਆਂ |
| ਲੜਕੀ | ਲੜਕੀਆਂ |
| ਵਿਦਿਆਰਥੀ | ਵਿਦਿਆਰਥੀਆਂ |
| ਪੰਛੀ | ਪੰਛੀਆਂ |

| | |
|---|---|
| ਸ਼ਹਿਰ | ਸ਼ਹਿਰਾਂ |
| ਨਕਸ਼ਾ | ਨਕਸ਼ੇ |
| ਬੱਚਾ | ਬੱਚੇ |
| ਝੀਲ | ਝੀਲਾਂ |
| ਕਮੀਜ਼ | ਕਮੀਜ਼ਾਂ |
| ਕਿਸ਼ਤੀ | ਕਿਸ਼ਤੀਆਂ |



